# ਕੀ ਨਵਾਂ ਹੈ @ਸਿਟੀ ਵਿੱਚ ਸਤੰਬਰ 2020

ABBOTSFORD

## ਸਿਟੀ ਸਰਵਿਸ ਅੱਪਡੇਟ

ਸਿਟੀ ਆਫ਼ ਐਬਟਸਫੋਰਡ ਦੀਆਂ ਸਾਰੀਆਂ ਸਰਵਿਸਾਂ ਔਨਲਾਈਨ **abbotsford.ca** ਉਤੇ ਜਾਂ ਫੋਨ ਦੁਆਰਾ ਉਪਲਬਧ ਹਨ।



## ਮਿਲ਼ਣ ਵਾਲ਼ੀਆਂ ਅਪੋਇੰਟਮਿੰਟਾਂ

ਕਈ ਸਰਵਿਸਾਂ ਲਈ ਸਿਟੀ ਹਾਲ ਮਿਲਣ ਵਾਲ਼ੀਆਂ ਅਪੋਇੰਟਮਿੰਟਾਂ ਦੇ ਰਹੇ ਹਨ। ਕੈਸ਼ੀਅਰ ਖੁੱਲ੍ਹੇ ਹਨ ਅਤੇ ਉਨ੍ਹਾਂ ਲਈ ਅਪੋਇੰਟਮਿੰਟ ਦੀ ਲੋੜ ਨਹੀਂ। ਕਿਰਪਾ ਕਰਕੇ ਸਿਟੀ ਹਾਲ ਆਉਣ ਤੋਂ ਪਹਿਲਾਂ ਤੁਸੀਂ ਜਿਸ ਡਿਪਾਰਟਮੈਂਟ ਨਾਲ਼ ਗੱਲ ਕਰਨੀ ਹੈ, ਉਨ੍ਹਾਂ ਨੂੰ ਫੋਨ ਕਰੋ ਅਤੇ ਅਪੋਇੰਟਮਿੰਟ ਬਣਾਵੋ।

## ਅਪੋਇੰਟਮਿੰਟ ਬਣਾਉਣ ਲਈ ਨੰਬਰ:

- ਬਿਲਡਿੰਗ ਅਤੇ ਬਿਜ਼ਨਿਸ ਲਾਈਸਿੰਸ (ਪਹਿਲੀ ਮੰਜ਼ਲ): 604-864-5525
- ਸਿਟੀ ਕਲਰਕ ਦਾ ਆਫਿਸ (ਪੰਜਵੀਂ ਮੰਜ਼ਲ): 604-864-5506
- ਇੰਜੀਨੀਰਿੰਗ (ਚੌਥੀ ਮੰਜ਼ਲ): 604-864-5514
- ਪਾਰਕ, ਰੈਕਰੀਏਸ਼ਨ, ਅਤੇ ਕਲਚਰ (ਤੀਜੀ ਮੰਜ਼ਲ): 604-859-3134
- ਪਲੈਨਿੰਗ ਅਤੇ ਡਵੈਲੱਪਮੈਂਟ ਸਰਵਿਸ (ਦੂਜੀ ਮੰਜ਼ਲ): 604-864-5510

ਹੋਰ ਜਾਣਕਾਰੀ ਲਈ ਵੈਬਸਾਈਟ ਤੇ ਜਾਓ **abbotsford.ca/reopening**

## ਸਿੰਚਾਈ ਅਤੇ ਲੈਂਡਸਕੇਪ ਮੁਲਾਂਕਣ

ਪਤਝੜ ਦਾ ਮੌਸਮ ਆਵਦੀ ਗਾਰਡਨ ਨੂੰ ਅਗਲੇ ਬਸੰਤ ਲਈ ਤਿਆਰ ਕਰਨ ਦਾ ਬਹੁਤ ਵਧੀਆ ਸਮਾਂ ਹੈ। ਤੁਸੀਂ ਮੁਫ਼ਤ ਵਿਚ ਸਿੰਚਾਈ ਅਤੇ ਲੈਂਡਸਕੇਪ ਦਾ ਮੁਲਾਂਕਣ ਕਰਾ ਸਕਦੇ ਹੋ। ਇਕ ਸਿੰਚਾਈ ਇਨਸਟਾਲਰ ਤੁਹਾਡੀ ਗਾਰਡਨ ਨੂੰ ਪਰਖੇਗਾ, ਪਾਣੀ ਕਿਸ ਤਰ੍ਹਾਂ ਲਾਉਣਾ ਹੈ ਦੱਸੇਗਾ, ਅਤੇ ਤੁਹਾਨੂੰ ਦੱਸੇਗਾ ਜੇ ਤੁਸੀਂ ਰੀਬੇਟ ਪ੍ਰੋਗਰਾਮ ਲਈ ਉਚਿਤ ਹੋ। ਅਪਲਾਈ ਕਰਨ ਲਈ ਇਥੇ ਜਾਵੋ:

**ourwatermatters.ca**



## ਵੇਸਟ ਵਿਜ਼ਰਡ

ਕੀ ਤੁਸੀਂ ਉਲਝਣ ਵਿਚ ਹੋ ਕਿਉਂਕਿ ਤੁਹਾਨੂੰ ਪਤਾ ਨਹੀਂ ਕਿ ਗਾਰਬੇਜ ਅਤੇ ਰੀਸਾਈਕਲਿੰਗ ਵਿੱਚ ਕੀ ਪੈਂਦਾ ਹੈ? ਵੇਸਟ ਵਿਜ਼ਰਡ ਨੂੰ ਦੇਖੋ ਜੋ ਕਿ ਐਬਟਸਫੋਰਡ ਕਰਬਸਾਈਡ ਕੋਲੈਕਸ਼ਨ ਐਪ ਵਿੱਚ ਹੈ। ਇਸ ਐਪ ਨੂੰ ਡਾਊਨਲੋਡ ਕਰੋ ਅਤੇ ਆਵਦੇ ਫੋਨ ਜਾਂ ਟੈਬਲਿਟ ਰਾਹੀਂ ਸਰਚ ਕਰੋ।
ਹੋਰ ਜਾਣਕਾਰੀ ਲਈ ਇਥੇ ਜਾਵੋ:

**abbotsford.ca/wastewizard**




## ਰੈਕਰੀਏਸ਼ਨ ਸੈਂਟਰ ਖ੍ਹੋਲਣ ਦਾ ਪਲੈਨ

ਸਿਟੀ ਆਫ਼ ਐਬਟਸਫੋਰਡ ਨੇ ਬੀ.ਸੀ ਦੇ ਰੀਸਟਾਰਟ ਪਲੈਨ ਨੂੰ ਮਨ ਵਿੱਚ ਰੱਖਦੇ ਹੋਏ MRC ਅਤੇ ਉ੍ਛ ਨੂੰ ਖ੍ਹੋਲਣ ਦਾ ਫੈਸਲਾ ਕੀਤਾ ਹੈ. MRC ਹੁਣ ਰੈਜਿਸਟਰਡ ਸਵਿੱਮ ਲੈਸਨਜ਼ ਦੇਵੇਗੀ ਅਤੇ ਨਾਲ਼ ਹੀ ਪ੍ਰੀ-ਰੈਜਿਸਟਰਡ ਸਵਿੱਮ ਐਕਟਿਵਿਟੀਜ਼ ਉਪਲਬਧ ਹਨ। ਉ੍ਛ ਪ੍ਰੀ-ਰੈਜਿਸਟਰਡ ਫਿਟਨਿਸ ਕਲਾਸਾਂ ਦੇਵੇਗੀ, ਨਾਲ਼ ਹੀ ਵੇਟ ਰੂਮ ਅਤੇ ਟਰੈਕ ਐਕਸਸ ਵੀ ਹੋਵੇਗਾ।
ਰੈਜਿਸਟਰ ਕਰਨ ਲਈ ਇਥੇ ਜਾਵੋ

**abbotsford.ca/leisure/recreation/lessons_and_programs.htm**



## ਸਟੀ ਕਾਊਂਸਲ ਦੀ ਜਾਣਕਾਰੀ

### ਪੱਬਲਿਕ ਹੀਰਿੰਗਜ਼ ਵਿੱਚ ਤਬਦੀਲੀਆਂ

ਪੱਬਲਿਕ ਹੀਰਿੰਗਜ਼ ਸਕੈਜੂਇਲ ਦੇ ਹਿਸਾਬ ਨਾਲ਼ ਚੱਲ ਰਹੀਆਂ ਹਨ ਪਰ ਹੁਣ ਫੀਜ਼ੀਕਲ ਡਿਸਟਿਨਸਿੰਗ ਲਾਗੂ ਹੈ ਅਤੇ 50 ਵਿਅਕਤੀਆਂ ਤੋਂ ਵੱਧ ਬਿਲਡਿੰਗ ਵਿਚ ਕੋਈ ਹੋ ਨਹੀਂ ਸਕਦਾ।

### ਸਿਟੀ ਕਾਊਂਸਲ ਬਰੌਡਕੈਸਟ

ਸਿਟੀ ਕਾਊਂਸਲ ਦੀਆਂ ਮੀਟਿੰਗਾਂ ਅਤੇ ਅਜੰਡਾ **abbotsford.ca/councilagendas** ਉੱਤੇ ਉਪਲਬਧ ਹਨ। ਪਬਲਿਕ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਮੀਟਿੰਗਾਂ ਨੂੰ ਔਨਲਾਈਨ ਦੇਖਣ। ਵੈਬਸਾਈਟ:

**abbotsford.ca/watchcouncilonline**



### ਕਾਊਂਸਲ ਮੀਟਿੰਗਾਂ ਸਕੈਜੂਇਲ

**ਸਤੰਬਰ 28:** ਸ਼ਾਮ 3 ਵਜੇ ਐਗਜ਼ੈਕੂਟਿਵ ਮੀਟਿੰਗ
ਸ਼ਾਮ 7 ਵਜੇ ਪਬਲਿਕ ਹੀਰਿੰਗ/ ਰੈਗੂਲਰ ਕਾਊਂਸਲ

**ਅਕਤੂਬਰ 5:** ਸ਼ਾਮ 3 ਵਜੇ ਐਗਜ਼ੈਕੂਟਿਵ ਮੀਟਿੰਗ
ਸ਼ਾਮ 7 ਵਜੇ ਪਬਲਿਕ ਹੀਰਿੰਗ/ ਰੈਗੂਲਰ ਕਾਊਂਸਲ

**ਅਕਤੂਬਰ 12:** ਕੋਈ ਮੀਟਿੰਗ ਨਹੀਂ

**ਅਕਤੂਬਰ 19:** ਸ਼ਾਮ 3 ਵਜੇ ਐਗਜ਼ੈਕੂਟਿਵ ਮੀਟਿੰਗ
ਸ਼ਾਮ 7 ਵਜੇ ਪਬਲਿਕ ਹੀਰਿੰਗ/ ਰੈਗੂਲਰ ਕਾਊਂਸਲ

**ਅਕਤੂਬਰ 26:** ਸ਼ਾਮ 1 ਵਜੇ ਕਮਿਟੀ ਆਫ਼ ਦਾ ਹੋਲ